## ਭਗਤ ਨਾਮਦੇਵ - ਸਬਦ ੧੨

## ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥

## ਰਾਗੁ ਧਨਾਸਰੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੬੯੨

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥
ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥
ਹਮਰੋ ਕਰਤਾ ਰਾਮੁ ਸਨੇਹੀ ॥
ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥੧॥ ਰਹਾਉ ॥
ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥
ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ ॥੨॥
ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥੩॥
ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥
ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ ॥੪॥੧॥

**ਸਾਰ:** ਪਦਾਰਥਿਕ ਇਕੱਤਰਤਾ ਮਨੁੱਖ ਨੂੰ ਇਹ ਅਹਿਸਾਸ ਤਾਂ ਦੇ ਸਕਦੀ ਹੈ ਕਿ ਸਭ ਕੁਝ ਉਸ ਦੇ ਕਾਬੂ ਵਿਚ ਹੈ, ਪਰ ਇਹ ਧੁਰ ਅੰਦਰ ਵਸਦੀ ਬੇਚੈਨੀ ਨੂੰ ਅਕਸਰ ਸ਼ਾਂਤ ਨਹੀਂ ਕਰ ਪਾਉਂਦੇ, ਕਿਉਂਕਿ ਇਸ ਦੀ ਨਿਰਭਰਤਾ ਉਨ੍ਹਾਂ ਹਲਾਤਾਂ ‘ਤੇ ਹੁੰਦੀ ਹੈ ਜੋ ਨਿਰੰਤਰ ਬਦਲਦੇ ਰਹਿੰਦੇ ਹਨ। ਗਿਆਨ, ਇਸਦੇ ਉਲਟ, ਮਲਕੀਅਤ ਨਾਲ ਨਹੀਂ ਸਗੋਂ ਸੂਝ ਨਾਲ ਜੁੜਿਆ ਹੁੰਦਾ ਹੈ। ਇਹ ਧੁਰ ਅੰਦਰ ਨਾਲ ਜੁੜਿਆ ਹੋਣ ਕਰਕੇ ਬਦਲਦੀਆਂ ਪਰਿਸਥਿਤੀਆਂ ਵਿਚ ਵੀ ਅਡੋਲ ਰਹਿੰਦਾ ਹੈ। ਮਲਕੀਅਤ ਇਕ ਭਰਮ ਹੈ; ਧਨ ਅਤੇ ਸਤਾ ਮਨੁੱਖ ਨੂੰ ਸਥਾਈ ਪਹਿਚਾਣ ਨਹੀਂ ਦੇ ਸਕਦੇ। ਧਨ ਖੁਸ ਸਕਦਾ ਹੈ ਅਤੇ ਤਾਕਤ ਘੱਟ ਸਕਦੀ ਹੈ, ਪਰ ਬਿਬੇਕ ਮਨੁੱਖ ਨੂੰ ਨਿਰੰਤਰ ਰਾਹਨੁਮਾਈ, ਨਿਖਾਰ ਅਤੇ ਸਥਿਰਤਾ ਦਿੰਦਾ ਰਹਿੰਦਾ ਹੈ। ਇਹ ਸਮੇਂ ਦੇ ਨਾਲ ਅੱਗੇ ਵਧਦਾ ਤੁਰਿਆ ਜਾਂਦਾ ਹੈ। ਇਹ ਸਮੁੱਚੀ ਖੇਡ ਸਾਨੂੰ ਸਪਸ਼ਟ ਕਰ ਦਿੰਦੀ ਹੈ ਸੱਚ ਨੂੰ ਹਮੇਸ਼ਾਂ ਜੀਵਿਆ ਜਾਦਾਂ ਹੈ ਨਾ ਕਿ ਕਿਸੇ ਵਸਤ ਦੀ ਤਰ੍ਹਾਂ ਇਸ ਉਪਰ ਆਪਣੀ ਮਲਕੀਅਤ ਦਾ ਦਾਅਵਾ ਕੀਤਾ ਜਾਂਦਾ ਹੈ।

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥

ਮਹਿਲ ਬਣਾਉਣ ਲਈ ਡੂੰਘੀਆਂ ਨੀਂਹਾਂ ਪੁੱਟੀਆਂ ਜਾਂਦੀਆਂ ਹਨ ਤਾਂ ਜੋ ਆਸਰਾ ਤਿਆਰ ਕੀਤਾ ਜਾ ਸਕੇ। ਇਹ ਭਾਵ ਦਰਸਾਉਂਦਾ ਹੈ ਕਿ ਹਉਮੈਂ ਅਜਿਹੇ ਭਰਮ ਪੈਦਾ ਕਰਦੀ ਹੈ ਜੋ ਹਕੀਕਤ ਵਾਂਗ ਜਾਪਦੇ ਹਨ ਅਤੇ ਮਨ ਵਿਚ ਇਹ ਭਾਵਨਾ ਪੈਦਾ ਕਰਦੇ ਹਨ ਕਿ ਜੀਵਨ ਸਥਾਈ ਅਤੇ ਪੂਰੀ ਤਰ੍ਹਾਂ ਸੁਰੱਖਿਅਤ ਹੈ।

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥

ਕੀ ਕੋਈ ਮਾਰਕੰਡੇ ਤੋਂ ਵੱਡਾ ਹੈ? ਇਕ ਮਿਥਿਹਾਸਕ ਰਿਸ਼ੀ, ਜਿਸਨੇ ਇਕ ਸਧਾਰਨ ਕਾਰਜ ਨਾਲ, ਆਪਣੇ ਸਿਰ ਉੱਤੇ ਆ ਰਹੀ ਬਿਪਤਾ ਨੂੰ ਟਾਲ ਦਿੱਤਾ! ਇਹ ਹਵਾਲਾ ਦਰਸਾਉਂਦਾ ਹੈ ਕਿ ਪਦਾਰਥਿਕ ਇਕੱਤਰਤਾ ਸੁਰੱਖਿਆ ਦਾ ਵਿਸ਼ਵਾਸ ਨਹੀਂ ਦਿੰਦੀ, ਜਦੋਂ ਕਿ ਬਿਬੇਕ ਜੁਗਾਂ ਜੁਗਾਂ-ਤੱਕ ਕਾਇਮ ਰਹਿੰਦਾ ਹੈ। (੧)

ਹਮਰੋ ਕਰਤਾ ਰਾਮੁ ਸਨੇਹੀ ॥

ਮੇਰੀ ਸਿਰਜਣਹਾਰ ਉਹ ਸਰਬਵਿਆਪੀ ਊਰਜਾ ਹੈ, ਜੋ ਅੰਦਰੋਂ ਪਿਆਰੀ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਸਾਡੀ ਅੰਤਰ-ਆਤਮਾ ਇਕ ਸਥਿਰ ਸਾਥੀ ਹੈ, ਜੋ ਸਾਡੇ ਵਿਚਾਰਾਂ ਨੂੰ ਆਕਾਰ ਦੇਣ ਵਾਲੀ ਤਾਕਤ ਹੈ।

ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥੧॥ ਰਹਾਉ ॥

ਜਦੋਂ ਇਹ ਸਰੀਰ ਨਾਸ਼ਵੰਤ ਹੈ ਅਤੇ ਇਸਨੇ ਅੰਤ ਵਿਚ ਮਿਟ ਹੋ ਜਾਣਾ ਹੈ, ਤਾਂ ਮਨੁੱਖ ਦਾ ਮਨ ਅਹੰਕਾਰ ਨਾਲ ਕਿਉਂ ਆਫ਼ਰਿਆ ਰਹਿੰਦਾ ਹੈ? ਇਹ ਭਾਵ ਨਿਮਰਤਾ ਅਤੇ ਅਹੰਕਾਰ ਦੇ ਆਪਸੀ ਵਿਰੋਧ ਨੂੰ ਦਰਸਾਉਂਦਾ ਹੈ, ਨਿਮਰਤਾ ਸਾਡੀ ਨਾਸ਼ਵੰਤਤਾ ਨੂੰ ਸਵੀਕਾਰ ਕਰਦੀ ਹੈ, ਜਦਕਿ ਅਹੰਕਾਰ ਸਰੀਰ ਦੇ ਅਟੱਲ ਖ਼ਾਤਮੇ ਨੂੰ ਅਣਡਿੱਠ ਕਰਦਾ ਹੈ। (੧)(ਠਹਿਰਾਉ)

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥

'ਮੇਰਾ ਅਤੇ ਸਾਡੇ ਦਾ ਦਾਅਵਾ ਕਰਦੇ ਹੋਏ, ਕੌਰਵਾਂ ਨੇ ਆਪਣੇ ਭਰਾ, ਦੁਰਯੋਧਨ ਦੀ ਨਕਲ ਕੀਤੀ। ਮਹਾਂਕਾਵਿ ਮਹਾਂਭਾਰਤ ਦੀ ਇਹ ਉਦਾਹਰਣ ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਕਿਵੇਂ ਲਗਾਵ ਅਤੇ ਮਾਲਕੀ ਦੀ ਭਾਵਨਾ ਨਿਰਣੇ ਨੂੰ ਧੁੰਦਲਾ ਕਰ ਸਕਦੀ ਹੈ, ਜਿਸ ਨਾਲ ਵਿਨਾਸ਼ ਹੋ ਸਕਦਾ ਹੈ।

ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ ॥੨॥

ਭਾਵੇਂ ਉਨ੍ਹਾਂ ਦਾ ਛਤਰ ਕਈ ਕੋਹਾਂ ਤੱਕ ਝੂਲਦਾ ਸੀ ਪਰ ਅੰਤ ਉਨ੍ਹਾਂ ਦਾ ਸਰੀਰ ਗਿੱਧਾਂ ਦਾ ਭੋਜਨ ਬਣ ਗਿਆ। ਇਹ ਕਠੋਰ ਸੱਚ ਦਰਸਾਉਂਦਾ ਹੈ ਕਿ ਅਸਥਿਰਤਾ ਦੇ ਅਟੱਲ ਨਿਯਮ ਅੱਗੇ ਦਰਜਾ, ਸ਼ਾਨ ਅਤੇ ਇਕੱਤਰ ਧਨ ਸੰਪਦਾ ਸਭ ਨਾਸ਼ਵੰਤ ਹਨ। (੨)

ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥

ਭਾਵੇਂ ਕੋਈ ਲੰਕਾ ਦੀ ਪ੍ਰਸਿੱਧ ਸੁਨਹਿਰੀ ਨਗਰੀ ਦਾ ਮਾਲਕ ਹੋਵੇ ਅਤੇ ਇਸਦੇ ਸ਼ਾਸਕ, ਰਾਵਣ ਨੂੰ ਪਛਾੜ ਦੇਵੇ, ਇਹ ਦ੍ਰਿਸ਼ਟਾਂਤ ਯਾਦ ਦਿਵਾਉਂਦਾ ਹੈ ਕਿ ਸਿਰਫ਼ ਦੌਲਤ ਅਤੇ ਸ਼ਕਤੀ ਹੀ ਇਕ ਸੱਚੀ ਅਤੇ ਸਥਾਈ ਪਛਾਣ ਨੂੰ ਸੁਰੱਖਿਅਤ ਨਹੀਂ ਕਰ ਸਕਦੇ।

ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥੩॥

ਉਸ ਦੇ ਦਰਵਾਜ਼ੇ ਉੱਤੇ ਖੜ੍ਹੇ ਹਾਥੀਆਂ ਦਾ ਕੀ ਬਣਿਆ? ਇਕ ਪਲ ਵਿਚ ਹੀ ਉਹ ਸਭ ਕੁਝ ਖੁਸ ਗਿਆ ਜਿਸਨੂੰ ਉਹ ਆਪਣਾ ਸਮਝਦਾ ਸੀ। ਇਹ ਭਾਵ ਇਕ ਗੂੜ੍ਹ ਸੱਚ ਨੂੰ ਉਜਾਗਰ ਕਰਦਾ ਹੈ ,ਮਲਕੀਅਤ ਇਕ ਭਰਮ ਹੈ; ਜੋ ਕੁਝ ਅਸੀਂ ਆਪਣਾ ਮੰਨਦੇ ਹਾਂ, ਉਹ ਪਲਕ ਝਪਕਦੇ ਹੀ ਹੱਥੋਂ ਨਿਕਲ ਸਕਦਾ ਹੈ ਅਤੇ ਕਿਸੇ ਹੋਰ ਦਾ ਵੀ ਹੋ ਸਕਦਾ ਹੈ। (੩)

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥

ਦੁਰਵਾਸਾ ਨੂੰ ਧੋਖਾ ਦੇ ਕੇ ਯਾਦਵ ਆਪਣੇ ਉੱਤੇ ਹੀ ਅਜਿਹੇ ਅੰਜਾਮ ਲੈ ਆਏ। ਇਹ ਮਿਥਿਹਾਸਿਕ ਕਥਾ ਦਰਸਾਉਂਦੀ ਹੈ ਕਿ ਅਹੰਕਾਰ ਅਤੇ ਛਲ ਅੰਤ ਵਿਚ ਨਾਸ਼ ਵੱਲ ਲੈ ਜਾਂਦੇ ਹਨ, ਅਤੇ ਹਰ ਕਰਮ ਦੇ ਤੀਬਰ ਪ੍ਰਭਾਵ ਅਤੇ ਨਤੀਜੇ ਹੁੰਦੇ ਹਨ।

ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ ॥੪॥੧॥

ਜਦੋਂ ਅੰਤਰੀਵੀ ਕਿਰਪਾ ਜਾਗ ਪਈ, ਤਦੋਂ ਨਿਮਾਣੇ ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਨੇ ਸਰਬਵਿਆਪੀ ਚੇਤਨਾ ਦੀ ਹਾਜ਼ਰੀ ਦਾ ਇਜ਼ਹਾਰ ਕੀਤਾ। ਇਹ ਭਾਵ ਦਰਸਾਉਂਦਾ ਹੈ ਕਿ ਅਸਲ ਰੁਪਾਂਤ੍ਰਣ ਉਸ ਵੇਲੇ ਸ਼ੁਰੂ ਹੁੰਦਾ ਹੈ ਜਦੋਂ ਮਨੁੱਖ ਦੇ ਅੰਦਰ ਏਕਤਾ ਨੂੰ ਸਵੀਕਾਰ ਕਰਨ ਦੀ ਸਮਰੱਥਾ ਜਾਗਦੀ ਹੈ। (੪)(੧)

**ਤੱਤ:** ਭਗਤ ਨਾਮਦੇਵ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦੇ ਹਨ ਕਿ ਜਦੋਂ ਅੰਤਰੀਵੀ ਕਿਰਪਾ ਜਾਗਦੀ ਹੈ, ਤਦੋਂ ਮਨੁੱਖ ਦੇ ਅੰਦਰ ਗੂੜ੍ਹ ਨਿਮਰਤਾ ਪੈਦਾ ਹੁੰਦੀ ਹੈ, ਜੋ ਉਸਨੂੰ ਆਪਣੇ ਆਲੇ-ਦੁਆਲੇ ਵੱਸਦੀ ਸਰਬਵਿਆਪੀ ਚੇਤਨਾ ਨੂੰ ਮਹਿਸੂਸ ਕਰਨ ਦੇ ਯੋਗ ਬਣਾਉਂਦੀ ਹੈ। ਜਿਸ ਨਾਲ ਅੰਤਰ-ਆਤਮਾ ਇਕ ਅਡੋਲ ਸਾਥੀ ਬਣ ਜਾਂਦੀ ਹੈ, ਇਕ ਅਜਿਹੀ ਸਤਾ ਜੋ ਸਾਡੇ ਵਿਚਾਰਾਂ ਨੂੰ ਰੂਪ ਦਿੰਦੀ ਹੈ ਅਤੇ ਸਾਡੀ ਸੋਚ ਅਤੇ ਧਾਰਨਾ ਦੀ ਰਾਹਨੁਮਾਈ ਕਰਦੀ ਹੈ। ਰੁਪਾਂਤ੍ਰਣ ਦੀ ਇਹ ਯਾਤਰਾ ਉਸ ਵੇਲੇ ਸ਼ੁਰੂ ਹੁੰਦੀ ਹੈ ਜਦੋਂ ਅਸੀਂ ਵੱਖਰੇਪਣ ਦੇ ਭਰਮ ਨੂੰ ਪਛਾਣ ਕੇ ਏਕਤਾ ਨੂੰ ਅਪਣਾਉਂਦੇ ਹਾਂ ਅਤੇ ਜੀਵਨ ਦੇ ਹਰ ਪੱਖ ਵਿਚ ਮੌਜੂਦ ਬਿਬੇਕ ਲਈ ਆਪਣੇ ਆਪ ਨੂੰ ਖੋਲ੍ਹ ਦਿੰਦੇ ਹਾਂ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **OnenessInDiversity.com**

**ਈਮੇਲ:** **onenessindiversityfoundation@gmail.com**